# ਬਹੁ ਸੱਭਿਆਚਾਰਕ (ਮਲਟੀਕਲਚਲ) ਭਾਈਚਾਰਕ ਸਮਰੱਥਾ ਅਨੁਦਾਨ ਪ੍ਰੋਗਰਾਮ

**ਬਹੁ ਸੱਭਿਆਚਾਰਕ ਭਾਈਚਾਰਕ ਸਮਰੱਥਾ ਅਨੁਦਾਨ (Multicultural Community Capacity Grant)** ਪ੍ਰੋਗਰਾਮ ਓਨਟੈਰੀਓ ਦੇ ਨਾਗਰਿਕ, ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਪੂਰੀ ਤਰ੍ਹਾਂ ਭਾਗੀਦਾਰੀ ਨਿਭਾਉਣ ਲਈ ਨਵੇਂ ਆਉਣ ਵਾਲਿਆਂ ਅਤੇ ਖ਼ਾਸ ਜਾਤੀ ਸਮੂਹਾਂ ਸਬੰਧੀ ਭਾਈਚਾਰਿਆਂ ਦੀ ਸਮਰੱਥਾ ਨੂੰ ਵਧਾ ਕੇ ਵਿਵਿਧ ਅਤੇ ਵਿਸਤ੍ਰਿਤ ਭਾਈਚਾਰਿਆਂ ਦਾ ਨਿਰਮਾਣ ਕਰਨ ਵਿੱਚ ਮਦਦ ਕਰੇਗਾ।

ਇਹ ਅਨੁਦਾਨ ਪ੍ਰੋਗਰਾਮ ਪੂਰੇ ਓਨਟੈਰੀਓ ਵਿੱਚ ਉਹਨਾਂ ਪ੍ਰੋਜੈਕਟਾਂ ਲਈ ਫੰਡ ਉਪਲਬਧ ਕਰਾਏਗਾ, ਜਿਹਨਾਂ ਵਿੱਚ ਹੇਠਾਂ ਦਿੱਤੀਆਂ ਇੱਕ ਜਾਂ ਵੱਧ ਤਰਜੀਹਾਂ 'ਤੇ ਧਿਆਨ ਦਿੱਤਾ ਜਾਏਗਾ:

- ਨਾਗਰਿਕ ਸ਼ਮੂਲੀਅਤ – ਇਮੀਗ੍ਰੈਂਟ ਅਤੇ ਖ਼ਾਸ ਜਾਤੀ ਸਮੂਹਾਂ ਸਬੰਧੀ ਭਾਈਚਾਰਿਆਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਭਾਈਚਾਰਕ ਸ਼ਮੂਲੀਅਤ, ਸਮਾਜਿਕ ਏਕੀਕਰਨ ਅਤੇ ਸਵੈਇੱਛੁਕ ਕੰਮਾਂ ਨੂੰ ਅਸਾਨ ਬਣਾਉਣਾ।
- ਸਮਾਜਿਕ ਸਬੰਧ – ਸਮਾਜਿਕ ਸਬੰਧਾਂ ਅਤੇ ਰੋਜ਼ਗਾਰ ਨੈਟਵਰਕਿੰਗ ਨੂੰ ਵਧਾਉਣਾ, ਉਹਨਾਂ ਪ੍ਰੋਗਰਾਮਾਂ ਸਮੇਤ, ਜੋ ਕਮਜ਼ੋਰ ਸਮੂਹਾਂ ਲਈ ਰੁਕਾਵਟਾਂ ਨੂੰ ਘੱਟ ਕਰਦੇ ਹਨ ਅਤੇ ਸਹਿਯੋਗ ਵਿੱਚ ਵਾਧਾ ਕਰਦੇ ਹਨ।
- ਸਿੱਖਿਆ ਅਤੇ ਅਧਿਕਾਰ ਦੇਣਾ – ਭਾਈਚਾਰਕ ਜੀਵਨ ਅਤੇ ਫ਼ੈਸਲੇ ਲੈਣ ਵਿੱਚ ਭਾਗੀਦਾਰੀ ਲਈ ਇੰਟਰਕਲਚਰਲ ਸਮਝ ਨੂੰ ਵਧਾਉਣਾ ਅਤੇ ਰੁਕਾਵਟਾਂ ਨੂੰ ਦੂਰ ਕਰਨਾ।
- ਔਰਤਾਂ ਨੂੰ ਅਧਿਕਾਰ ਦੇਣਾ – ਵਿਵਿਧ ਸੱਭਿਆਚਾਰਕ ਪਿਛੋਕੜ ਵਾਲੀਆਂ ਔਰਤਾਂ ਦੀ ਪੂਰੀ ਸਮਾਜਿਕ ਅਤੇ ਆਰਥਿਕ ਸਮਰੱਥਾ ਦਾ ਲਾਭ ਉਠਾਉਣ ਵਿੱਚ ਉਹਨਾਂ ਦੀ ਮਦਦ ਕਰਕੇ ਅਧਿਕਾਰ ਦਵਾਉਣ ਵਿੱਚ ਸਹਾਇਤਾ ਕਰਨਾ।
- ਸਮਰੱਥਾ ਦਾ ਨਿਰਮਾਣ ਕਰਨਾ ਅਤੇ ਭਾਈਵਾਲੀਆਂ – ਇਮੀਗ੍ਰੈਂਟ ਅਤੇ ਬਹੁ ਸੱਭਿਆਚਾਰਕ ਸੰਗਠਨਾਂ ਦੀ ਸਮਰੱਥਾ ਦਾ ਨਿਰਮਾਣ ਕਰਨਾ ਅਤੇ ਸੇਵਾ ਪ੍ਰਦਾਤਾਵਾਂ ਵਿਚਕਾਰ ਤਾਲਮੇਲ ਵਧਾਉਣਾ, ਤਾਂ ਜੋ ਨਵੇਂ ਆਉਣ ਵਾਲਿਆਂ ਅਤੇ ਖ਼ਾਸ ਜਾਤੀ ਸਮੂਹਾਂ ਸਬੰਧੀ ਭਾਈਚਾਰਿਆਂ ਨੂੰ ਬਿਹਤਰ ਸੇਵਾ ਦਿੱਤੀ ਜਾ ਸਕੇ।

$1,000 ਅਤੇ $8,000 ਦੇ ਵਿਚਕਾਰ ਅਨੁਦਾਨ (ਗ੍ਰਾਂਟਸ) ਉਹਨਾਂ ਪ੍ਰੋਜੈਕਟਾਂ ਲਈ ਉਪਲਬਧ ਹੋਣਗੇ, ਜਿਹਨਾਂ ਵਿੱਚ ਇਹਨਾਂ ਤਰਜੀਹਾਂ 'ਤੇ ਧਿਆਨ ਦਿੱਤਾ ਜਾਏਗਾ। **ਪ੍ਰੋਜੈਕਟ ਲਾਜ਼ਮੀ ਤੌਰ 'ਤੇ 1 ਅਪ੍ਰੈਲ, 2018 ਨੂੰ ਜਾਂ ਇਸਤੋਂ ਬਾਅਦ ਸ਼ੁਰੂ ਹੋਣਗੇ ਅਤੇ 31 ਮਾਰਚ, 2019 ਤੱਕ ਖ਼ਤਮ ਹੋ ਜਾਣਗੇ।**

## ਫੰਡਿੰਗ ਲਈ ਕੌਣ ਅਰਜ਼ੀ ਦੇ ਸਕਦਾ ਹੈ?

**ਸਟ੍ਰੀਮ 1:** ਨਵੇਂ ਆਉਣ ਵਾਲਿਆਂ ਅਤੇ/ਜਾਂ ਖ਼ਾਸ ਜਾਤੀ ਸਮੂਹਾਂ ਸਬੰਧੀ ਭਾਈਚਾਰਿਆਂ 'ਤੇ ਕੇਂਦਰਿਤ ਗ਼ੈਰ ਨਿਗਮਤ ਗ਼ੈਰ-ਲਾਭ ਸੰਗਠਨ ਅਤੇ ਘੱਟੋ-ਘੱਟ ਇੱਕ ਸਾਲ ਲਈ ਸੰਚਾਲਨ ਪ੍ਰਦਰਸ਼ਿਤ ਕਰਨ ਵਾਲੇ ਵਿਅਕਤੀ **$1,000 ਅਤੇ $3,000 ਦੇ ਵਿਚਕਾਰ** ਅਨੁਦਾਨ (ਗ੍ਰਾਂਟਸ) ਲਈ ਅਰਜ਼ੀ ਦੇ ਸਕਦੇ ਹਨ।

**ਸਟ੍ਰੀਮ 2:** ਨਵੇਂ ਆਉਣ ਵਾਲਿਆਂ ਅਤੇ/ਜਾਂ ਖ਼ਾਸ ਜਾਤੀ ਸਮੂਹਾਂ ਸਬੰਧੀ ਭਾਈਚਾਰਿਆਂ 'ਤੇ ਕੇਂਦਰਿਤ ਦ੍ਰਿਸ਼ਟੀਕੋਣ, ਮਿਸ਼ਨ ਜਾਂ ਗਤੀਵਿਧੀਆਂ ਵਾਲੇ ਗ਼ੈਰ-ਲਾਭ ਦੇ ਤੌਰ 'ਤੇ ਨਿਗਮਤ ਅਤੇ ਘੱਟੋ-ਘੱਟ ਇੱਕ ਸਾਲ ਲਈ ਨਿਗਮਤ ਸੰਗਠਨ **$3,000 ਅਤੇ $8,000 ਦੇ ਵਿਚਕਾਰ** ਅਨੁਦਾਨ (ਗ੍ਰਾਂਟਸ) ਲਈ ਅਰਜ਼ੀ ਦੇ ਸਕਦੇ ਹਨ।

## ਮੈਂ ਫੰਡਿੰਗ ਲਈ ਅਰਜ਼ੀ ਕਿਵੇਂ ਦੇਵਾਂ?

**ontario.ca/multiculturalgrants** 'ਤੇ ਅਰਜ਼ੀ ਸਬੰਧੀ ਗਾਈਡਲਾਈਨਾਂ ਪੜ੍ਹੋ ਅਤੇ ਅਰਜ਼ੀ ਦੇ ਨਿਰਦੇਸ਼ ਅਤੇ ਫਾਰਮ ਪ੍ਰਾਪਤ ਕਰੋ।

## ਅਰਜ਼ੀ ਦੀ ਆਖ਼ਰੀ ਤਾਰੀਖ ਕੀ ਹੈ?

ਅਰਜ਼ੀ ਜਮ੍ਹਾਂ ਕਰਨ ਦੀ ਆਖ਼ਰੀ ਤਾਰੀਖ **23 ਜਨਵਰੀ, 2018 ਨੂੰ ਈ.ਐਸ.ਟੀ. (E.S.T.) ਦੇ ਸਮੇਂ ਮੁਤਾਬਕ ਸ਼ਾਮ 4:00 ਵਜੇ ਹੈ ।**

## ਕੀ ਤੁਹਾਡੇ ਕੋਈ ਸਵਾਲ ਹਨ?

ਕਿਰਪਾ ਕਰਕੇ ਹੋਰ ਜਾਣਕਾਰੀ ਲਈ ਰੀਜਨਲ ਸਰਵਿਸਿਜ ਬ੍ਰਾਂਚ ਦੇ ਮੰਤਰਾਲੇ ਦੇ ਸੰਪਰਕ ਨੰਬਰ 'ਤੇ ਸੰਪਰਕ ਕਰੋ।

ਹੇਠਾਂ ਦਿੱਤੇ ਖੇਤਰੀ ਦਫ਼ਤਰਾਂ ਵਿਖੇ ਟੋਲ-ਫ੍ਰੀ ਫੋਨ ਰਾਹੀਂ ਮਿਨਿਸਟ੍ਰੀ ਰੀਜਨਲ ਐਡਵਾਈਜਰ (Ministry Regional Advisor) ਨੂੰ ਸੰਪਰਕ ਕਰੋ:

- ਸੈਂਟਰਲ ਖੇਤਰ (Central Region): 1-877-395-4105
- ਉੱਤਰੀ ਖੇਤਰ (North Region): 1-800-465-6861
- ਪੂਰਬੀ ਖੇਤਰ (East Region): 1-800-267-9340
- ਪੱਛਮੀ ਖੇਤਰ (West Region): 1-800-265-2189

ਜਾਂ ਆਪਣੇ ਸਵਾਲ multiculturalgrants.inquiries@ontario.ca 'ਤੇ ਈਮੇਲ ਕਰੋ।

Ontario